# Punjab Government Gazette

*Published by Authority*

No. 48] CHANDIGARH, FRIDAY, NOVEMBER 28, 2025 (AGRAHAYANA 7, 1947 SAKA)

# PART I

**Punjab Government Notifications and Orders**

ਰਾਜ ਚੋਣ ਕਮਿਸ਼ਨ, ਪੰਜਾਬ
**STATE ELECTION COMMISSION, PUNJAB**

secpb@punjab.gov.in
https://sec.punjab.gov.in

ਐਸ.ਸੀ.ਓ: 49, ਸੈਕਟਰ 17-ਈ ,ਚੰਡੀਗੜ੍ਹ, 160017.
0172- 2771226, 2710162.

**NOTIFICATION**

The 26th November, 2025

**No.SEC/SAP/ET/2025/660.-**In pursuance of the provisions of Section 93 of the Punjab State Election Commission Act, 1994, the State Election Commission hereby notifies the order of the Election Tribunal for general information.

## ਬਾ ਅਦਾਲਤ ਡਾ.ਪੂਨਮ ਪ੍ਰੀਤ ਕੌਰ, ਪੀ.ਸੀ.ਐਸ., ਸਹਾਇਕ ਕੁਲੈਕਟਰ ਦਰਜਾ ਪਹਿਲਾ-ਕਮ-ਉਪ ਮੰਡਲ ਮੈਜਿਸਟਰੇਟ, ਲੁਧਿਆਣਾ ਪੱਛਮੀ।

ਜਗਮੇਲ ਸਿੰਘ ਪੁੱਤਰ ਸਾਧੂ ਸਿੰਘ ਵਾਰਡ ਨੰ. 4, ਪਿੰਡ ਲਤਾਲਾ, ਬਲਾਕ ਪੱਖੋਵਾਲ, ਜਿਲ੍ਹਾ ਲੁਧਿਆਣਾ।

ਪਟੀਸ਼ਨਰ

ਬਨਾਮ

1. ਜਰਨੈਲ ਸਿੰਘ ਪੁੱਤਰ ਕੇਸਰ ਸਿੰਘ ਕੇਅਰ ਆਫ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਿੰਜ਼ਲ, ਜਿਲ੍ਹਾ ਲੁਧਿਆਣਾ, ਪ੍ਰਜਾਇੰਡਿੰਗ ਅਫਸਰ ਕਮ ਸਹਾਇਕ ਰਿਟਰਨਿੰਗ ਅਫਸਰ।
2. ਰਣਜੀਤ ਸਿੰਘ ਪੁੱਤਰ ਜੋਗਿੰਦਰਪਾਲ ਸਿੰਘ ਵਾਰਡ ਨੰ. 4, ਪਿੰਡ ਲਤਾਲਾ, ਬਲਾਕ ਪੱਖੋਵਾਲ, ਜਿਲ੍ਹਾ ਲੁਧਿਆਣਾ।

ਉਤਰਵਾਦੀਆਨ

### ਹੁਕਮ

ਪਟੀਸ਼ਨਰ ਜਗਮੇਲ ਸਿੰਘ ਵੱਲੋਂ ਪਿੰਡ ਲਤਾਲਾ ਦੇ ਵਾਰਡ ਨੰਬਰ 4 ਵਿੱਚ ਪਈਆਂ ਪੰਚੀ ਦੀਆਂ ਵੋਟਾਂ ਸੰਬੰਧੀ ਇੱਕ ਪਟੀਸ਼ਨ ਨਿਮਨਹਸਤਾਖਰ ਦੀ ਅਦਾਲਤ ਵਿੱਚ ਦਾਇਰ ਕੀਤੀ ਸੀ, ਜਿਸ ਵਿੱਚ ਸੁਣਵਾਈ ਕਰਨ ਉਪਰੰਤ ਨਿਮਨਹਸਤਾਖਰ ਵੱਲੋਂ ਮਿਤੀ 29.05.2025 ਨੂੰ ਪਟੀਸ਼ਨਰ ਦੀ ਪਟੀਸ਼ਨ ਮੰਨਜੂਰ ਕਰਦੇ ਹੋਏ ਵੋਟਾਂ ਦੀ ਗਿਣਤੀ ਦੁਬਾਰਾ ਤੋਂ ਕਰਵਾਉਣ ਸੰਬੰਧੀ ਹੁਕਮ ਕੀਤਾ ਗਿਆ ਸੀ। ਜਿਸ ਸੰਬੰਧੀ ਮਾਨਯੋਗ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ), ਲੁਧਿਆਣਾ ਜੀ ਨੂੰ ਇਸ ਸੰਬੰਧੀ ਪੱਤਰ ਜਾਰੀ ਕੀਤਾ ਗਿਆ ਜਿਸਤੇ ਦਫਤਰ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ), ਲੁਧਿਆਣਾ ਜੀ ਵੱਲੋਂ ਪੱਤਰ ਨੰਬਰ 613 ਮਿਤੀ 27.08.2025 ਰਾਹੀਂ ਸੰਬੰਧਤ ਆਰ.ਓ ਨੂੰ ਵੋਟਾਂ ਦੀ ਗਿਣਤੀ ਦੁਬਾਰਾ ਕਰਨ ਲਈ ਰਿਕਾਰਡ ਸਮੇਤ ਪੇਸ਼ ਹੋਣ ਲਈ ਪੱਤਰ ਜਾਰੀ ਕਰਦੇ ਹੋਏ ਉਤਾਰਾ ਇਸ ਅਦਾਲਤ ਨੂੰ ਕੀਤਾ ਗਿਆ। ਜਿਸ ਉਪਰੰਤ ਵੋਟਾਂ ਦੀ ਦੁਬਾਰਾ ਗਿਣਤੀ ਲਈ ਮਿਤੀ 02.09.2025 ਨਿਸ਼ਚਿਤ ਕੀਤੀ ਗਈ, ਪ੍ਰੰਤੂ ਜਿਆਦਾ ਬਰਸਾਤ ਦੇ ਚਲਦੇ ਵੋਟਾਂ ਦੀ ਗਿਣਤੀ ਕਰਵਾਉਣ ਲਈ ਮਿਤੀ 09.09.2025 ਨਿਸ਼ਚਿਤ ਕੀਤੀ ਗਈ। ਮਿਤੀ 09.09.2025 ਨੂੰ ਵੋਟਾਂ ਦੀ ਗਿਣਤੀ ਸ੍ਰੀ ਹਰਵਿੰਦਰ ਸਿੰਘ, ਸੁਪਰਡੰਟ ਗ੍ਰੇਡ-2, ਲੁਧਿਆਣਾ ਪੱਛਮੀ ਦੀ ਡਿਊਟੀ ਵੋਟਾਂ ਦੀ ਗਿਣਤੀ ਹੇਠ ਅੰਡਰ ਵੀਡੀਓ ਗ੍ਰਾਫੀ ਕਰਵਾਉਣ ਲਈ ਲਗਾਈ ਗਈ। ਵੋਟਾਂ ਦੀ ਗਿਣਤੀ ਕਰਵਾਉਣ ਲਈ 1. ਸ੍ਰੀ ਗੁਰਮੀਤ ਸਿੰਘ ਬਰਾੜ, ਆਰ.ਓ.,ਕਲੱਸਟਰ 3, ਪੱਖੋਵਾਲ ਬਲਾਕ, ਏਟੀਪੀ, ਸੀਨੀਅਰ ਨਗਰ ਯੋਜਨਾਕਾਰ ਲੁਧਿਆਣਾ ਸਮੇਤ ਰਿਕਾਰਡ ਹਾਜਰ ਆਏ ਅਤੇ ਨਾਲ ਹੀ 2.ਸ੍ਰੀ ਰਜਿੰਦਰ ਕੁਮਾਰ, ਪੀ.ਆਰ.ਓ, ਬੂਥ ਨੰ. 62, 3. ਸ੍ਰੀ ਪੰਕਜ ਕੁਮਾਰ, ਅਕਾਊਂਟੈਂਟ, ਦਫਤਰ ਸੀਨੀਅਰ ਨਗਰ ਯੋਜਨਾਕਾਰ, ਲੁਧਿਆਣਾ, 4.ਸ੍ਰੀ ਗੁਰਇਕਬਾਲ ਸਿੰਘ ਕਲਰਕ, ਦਫਤਰ ਨਗਰ ਯੋਜਨਾਕਾਰ, ਲੁਧਿਆਣਾ, 5. ਏ.ਐਸ.ਆਈ ਜੋਨ ਮਸੀਹ, 6. ਧਰਮਿੰਦਰ ਸਿੰਘ, ਅਤੇ ਪਟੀਸ਼ਨਰ ਜਗਮੇਲ ਸਿੰਘ ਪਿੰਡ ਲਤਾਲਾ ਹਾਜਰ ਆਏ। ਉਤਰਵਾਦੀ ਰਣਜੀਤ ਸਿੰਘ ਨੂੰ ਵਾਰ ਵਾਰ ਫੋਨ ਰਾਹੀਂ ਬੁਲਾਇਆ ਗਿਆ ਪ੍ਰੰਤੂ ਉਹ ਵਾਰ ਵਾਰ ਬੁਲਾਉਣ ਦੇ ਬਾਵਜੂਦ ਹਾਜਰ ਨਹੀਂ ਆਏ। ਵੋਟਾਂ ਦੀ ਗਿਣਤੀ ਕਰਵਾਉਣ ਉਪਰੰਤ ਸ੍ਰੀ ਹਰਵਿੰਦਰ ਸਿੰਘ, ਸੁਪਰਡੰਟ ਗ੍ਰੇਡ-2, ਦਫਤਰ ਉਪ ਮੰਡਲ ਮੈਜਿਸਟਰੇਟ, ਲੁਧਿਆਣਾ ਪੱਛਮੀ ਵੱਲੋਂ ਰਿਪੋਰਟ ਪੇਸ਼ ਕੀਤੀ ਗਈ ਕਿ ਮਿਤੀ 09.09.2025 ਨੂੰ ਸਮਾਂ ਸ਼ਾਮ 02.50 ਵਜੇ ਪਿੰਡ ਲਤਾਲਾ ਵਾਰਡ ਨੰਬਰ 4 ਦੀਆਂ ਵੋਟਾਂ ਦੀ ਰੀਕਾਊਂਟਿੰਗ ਕਰਵਾਈ ਗਈ, ਜਿਸ ਵਿੱਚ ਉਮੀਦਵਾਰ ਜਗਮੇਲ ਸਿੰਘ (ਚੋਣ ਨਿਸ਼ਾਨ ਜੀਪ) ਨੂੰ ਕੁੱਲ 162 ਵੋਟਾਂ ਪਈਆਂ ਅਤੇ ਉਮੀਦਵਾਰ ਰਣਜੀਤ ਸਿੰਘ (ਚੋਣ ਨਿਸ਼ਾਨ ਟਰੱਕ) ਨੂੰ ਕੁੱਲ 138 ਵੋਟਾਂ ਪਈਆਂ। ਮਿਸਲ ਨਾਲ ਲਫ ਆਰ.ਓ ਗੁਰਮੀਤ ਸਿੰਘ ਵੱਲੋਂ ਪੇਸ਼ ਕੀਤੇ ਫਾਰਮ ਨੰ.9 ਅਤੇ ਅੰਤਿਕਾ-9 ਨੂੰ ਵਾਚਣ ਤੇ ਪਾਇਆ ਗਿਆ ਕਿ ਬੂਥ ਨੰ. 62, ਵਾਰਡ ਨੰ. 4, ਪਿੰਡ ਲਤਾਲਾ ਵਿੱਚ ਜਗਮੇਲ ਸਿੰਘ ਨੂੰ ਕੁੱਲ 162 ਵੋਟਾਂ ਅਤੇ ਉਮੀਦਵਾਰ ਰਣਜੀਤ ਸਿੰਘ ਨੂੰ 138 ਵੋਟਾਂ ਅਤੇ ਨੋਟਾ ਨੂੰ 0 ਵੋਟਾਂ ਪਈਆਂ।

ਉਕਤ ਸਾਰੇ ਤੱਥਾਂ ਅਤੇ ਰਿਕਾਰਡ ਨੂੰ ਵਾਚਣ ਤੇ ਇਹ ਸਪੱਸ਼ਟ ਹੈ ਕਿ ਬੂਥ ਨੰ. 62, ਵਾਰਡ ਨੰ. 4, ਪਿੰਡ ਲਤਾਲਾ ਵਿੱਚ ਹੋਈਆਂ ਪੰਚੀ ਦੀਆਂ ਚੋਣਾਂ ਵਿੱਚ ਉਮੀਦਵਾਰ ਜਗਮੇਲ ਸਿੰਘ ਨੂੰ ਕੁੱਲ 162 ਵੋਟਾਂ ਅਤੇ ਉਮੀਦਵਾਰ ਰਣਜੀਤ ਸਿੰਘ ਨੂੰ 138 ਵੋਟਾਂ ਪਈਆਂ, ਪ੍ਰੰਤੂ ਅੰਤਿਕਾ 9 ਵਿੱਚ ਗਲਤੀ ਨਾਲ ਰਣਜੀਤ ਸਿੰਘ ਪੁੱਤਰ ਜੋਗਿੰਦਰਪਾਲ ਸਿੰਘ ਦਾ ਨਾਮ ਦਰਜ ਹੋ ਜਾਣ

ਕਾਰਨ ਗਜਟ ਨੋਟੀਫਿਕੇਸ਼ਨ ਵਿੱਚ ਜਗਮੇਲ ਸਿੰਘ ਦੀ ਬਜਾਏ ਰਣਜੀਤ ਸਿੰਘ ਦਾ ਨਾਮ ਦਰਜ ਹੋ ਗਿਆ, ਜੋ ਕਿ ਗਲਤ ਹੈ। ਲਿਹਾਜਾ ਉਕਤ ਤੱਥਾਂ ਦੇ ਮੱਦੇਨਜ਼ਰ ਉਮੀਦਵਾਰ ਜਗਮੇਲ ਸਿੰਘ ਨੂੰ ਜੇਤੂ ਘੋਸ਼ਿਤ ਕੀਤਾ ਜਾਂਦਾ ਹੈ। ਇਸ ਹੁਕਮ ਦੀ ਕਾਪੀ ਮਾਨਯੋਗ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ), ਲੁਧਿਆਣਾ ਜੀ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਗਜ਼ਟ ਨੋਟੀਫਿਕੇਸ਼ਨ ਵਿੱਚ ਜੇਤੂ ਉਮੀਦਵਾਰ ਜਗਮੇਲ ਸਿੰਘ ਦੇ ਨਾਮ ਦੀ ਬਣਦੀ ਦਰੁਸਤੀ ਕਰਵਾਈ ਜਾਵੇ।

ਮਿਤੀ 09.09.2025

ਪ੍ਰਜਾਇਡਿੰਗ ਅਫਸਰ,
ਚੋਣ ਟ੍ਰਿਬਿਊਨਲ ਕਮ,
ਉਪ ਮੰਡਲ ਮੈਜਿਸਟਰੇਟ,
ਲੁਧਿਆਣਾ ਪੱਛਮੀ।

*3564/11-2025/Pb. Govt. Press, S.A.S. Nagar*